ਮਿੱਠੇ ਬੱਚੇ:- "ਮਿੱਠੇ ਬੱਚੇ :- ਸਰਵਿਸ ਦੀਆਂ ਨਵੀਆਂ - ਨਵੀਂਆਂ ਇਨਵੇਂਸ਼ਨ ਕੱਢੋ, ਸੇਵਾ ਦਾ ਵਿਸਤਾਰ ਕਰੋ, ਸੇਵਾ ਦੇ ਖੇਤਰ ਵਿਚ ਮਾਤਾਵਾਂ ਨੂੰ ਅੱਗੇ ਕਰਨਾ ਹੀ ਸਫਲਤਾ ਦਾ ਸਾਧਨ ਹੈ"।

ਪ੍ਰਸ਼ਨ:- ਕਿਸ ਮੈਨਰਜ਼ ਦੇ ਨਾਲ ਗੱਲ ਕਰੋ ਤਾਂ ਅਥਾਰਟੀ ਦੇ ਬੋਲ ਤੁਸੀਂ ਸਿੱਧ ਕਰ ਸਕਦੇ ਹੋ?

ਉੱਤਰ:- ਜਦੋਂ ਵੀ ਕਿਸੇ ਵੱਡੇ ਨਾਲ ਗੱਲ ਕਰਦੇ ਹੋ ਤਾਂ - 'ਤੁਸੀਂ - ਤੁਸੀਂ' ਕਹਿ ਕੇ ਗੱਲ ਕਰਨੀ ਚਾਹੀਦੀ ਹੈ। ਤੂੰ - ਤੂੰ ਕਹਿ ਕੇ ਨਹੀਂ। ਇਹ ਵੀ ਮੈਨਰਜ਼ ਹਨ। ਤੁਸੀਂ ਆਪਣੀ ਅਥਾਰਟੀ ਨਾਲ ਬੋਲੋ ਲੇਕਿਨ ਰਿਸਪੈਕਟ ਜਰੂਰ ਦਵੋ। ਸਕੂਲ ਵਿੱਚ ਇਹ ਵੀ ਮੈਨਰਜ਼ ਸਿਖਾਏ ਜਾਂਦੇ ਹਨ। 2. ਕਦੇ ਵੀ ਹੰਕਾਰ ਨਾਲ ਗੱਲ ਨਹੀਂ ਕਰਨੀ ਚਾਹੀਦੀ। ਗਿਆਨ ਦੇ ਨਸ਼ੇ ਵਿਚ ਸਦਾ ਹਰਸ਼ਿਤ ਮੁੱਖ ਰਹੋ। ਹਰਸ਼ਿਤ ਚਿਹਰਾ ਵੀ ਬਹੁਤ ਸੇਵਾ ਕਰਦਾ ਹੈ।

ਗੀਤ:- ਅੱਜ ਦੇ ਇਸ ਇਨਸਾਨ ਨੂੰ...

ਓਮ ਸ਼ਾਂਤੀ। ਮਿੱਠੇ - ਮਿੱਠੇ ਬੱਚਿਆਂ ਨੂੰ ਇਹ ਤਾਂ ਸਮਝਾਇਆ ਗਿਆ ਹੈ ਕਿ ਬਹੁਤ ਪਾਪ ਆਤਮਾਵਾਂ ਬਣ ਗਈਆਂ ਹਨ। ਚੰਗੇ ਬੱਚੇ ਪੁਕਾਰਦੇ ਹਨ ਕਿ ਪਾਪ ਬਹੁਤ ਹੋ ਗਿਆ ਹੈ। ਪਾਪ ਨਾਲ ਹੀ ਮਨੁੱਖ ਪਤਿਤ ਬਣਦੇ ਹਨ। ਯਾਦ ਵੀ ਕਰਦੇ ਹਨ ਕਿ ਪਾਪ ਆਤਮਾਵਾਂ ਨੂੰ ਪੁੰਨ ਆਤਮਾ ਬਨਾਉਣ ਦੇ ਲਈ ਹੇ ਪਤਿਤ - ਪਾਵਨ ਆਓ। ਇਹ ਪਤਿਤ ਦੁਨੀਆ ਹੈ ਤਾਂ ਜਰੂਰ ਕੋਈ ਪਾਵਨ ਦੁਨੀਆ ਵੀ ਹੈ। ਨਿਰਾਕਾਰੀ ਦੁਨੀਆ ਨੂੰ ਪਾਵਨ ਦੁਨੀਆ ਨਹੀਂ ਕਿਹਾ ਜਾਂਦਾ। ਉਹ ਸ਼ਾਂਤੀਧਾਮ ਹੈ। ਪਤਿਤ ਅਤੇ ਪਾਵਨ ਦੁਨੀਆ ਮਨੁੱਖਾਂ ਦੇ ਲਈ ਹੈ। ਕਲਯੁਗੀ ਦੁਨੀਆ ਵਿਚ ਪਤਿਤ ਹਨ। ਸਤਿਯੁਗੀ ਦੁਨੀਆ ਵਿਚ ਪਾਵਨ ਹਨ। ਪਤਿਤ - ਪਾਵਨ ਬਾਪ ਹੀ ਪਾਵਨ ਦੁਨੀਆ ਸਥਾਪਨ ਕਰਦੇ ਹਨ। ਵਿਦਵਾਨ - ਪੰਡਤਾਂ ਨੇ ਸ਼ਾਸਤਰ ਬਣਾਏ ਹਨ, ਨਾਮ ਰੱਖ ਦਿੱਤਾ ਹੈ ਵਿਆਸ ਦਾ। ਵਿਆਖਿਆ ਕਰਨ ਵਾਲੇ ਦਾ ਨਾਮ ਤੇ ਚਾਹੀਦਾ ਹੈ ਨਾ। ਮਨੁੱਖ ਤਾਂ ਜਾਣਦੇ ਹੀ ਨਹੀਂ ਸ਼ਾਸਤਰ ਬਣਾਏ ਕਦੋਂ ਹਨ? ਇਹ ਤੁਸੀਂ ਬੱਚੇ ਜਾਣਦੇ ਹੋ ਸਤਿਯੁਗ - ਤ੍ਰੇਤਾ ਵਿੱਚ ਸ਼ਾਸਤਰ ਆਦਿ ਹੁੰਦੇ ਨਹੀਂ। ਭਗਤੀ ਮਾਰਗ ਦਾ ਉੱਥੇ ਕੋਈ ਨਿਸ਼ਾਨ ਨਹੀਂ। ਬਾਪ ਗਿਆਨ ਨਾਲ ਜਿੰਦਾਬਾਦ ਕਰਦੇ ਹਨ। ਗਿਆਨ ਨਾਲ 21 ਜਨਮ ਜਿੰਦਾਬਾਦ ਹੁੰਦੇ ਹੋ ਫਿਰ ਮਾਇਆ ਆਕੇ ਮੁਰਦਾ ਬਣਾਉਂਦੀ ਹੈ। ਇਹ ਹੈ ਮੁਰਦਿਆਂ ਦੀ ਦੁਨੀਆ, ਜਿਸ ਨੂੰ ਕਬ੍ਰੀਸਥਾਨ ਕਿਹਾ ਜਾਂਦਾ ਹੈ। ਇਸ ਵੇਲੇ ਘੋਰ ਕਬ੍ਰੀਸਥਾਨ ਕਹਾਂਗੇ। ਬੁੱਧੀ ਤਾਂ ਸਭ ਦੀ ਚਲਦੀ ਹੋਵੇਗੀ। ਮਹਾਭਾਰੀ ਲੜਾਈ ਵਿੱਚ ਪੂਰਾ ਕਬ੍ਰੀਸਥਾਨ ਬਣਦਾ ਹੈ। ਹੋਰ ਲੜਾਈਆਂ ਵਿਚ ਇਵੇਂ ਨਹੀਂ ਹੁੰਦਾ। ਭਾਗਵਤ ਵਿੱਚ ਲਿਖਿਆ ਹੋਇਆ ਹੈ - ਗਿਆਨ ਸਾਗਰ ਦੇ ਸਾਰੇ ਬੱਚੇ ਕਬ੍ਰਦਾਖਿਲ ਹੋ ਜਾਂਦੇ ਹਨ। ਮਾਇਆ ਨੇ ਕਾਮ ਚਿਤਾ ਤੇ ਬਿਠਾ ਸਭ ਨੂੰ ਭਸਮੀਭੂਤ ਕਰ ਦਿੱਤਾ ਹੈ। ਸਭ ਕਬ੍ਰਦਾਖਿਲ ਹਨ। ਮੁਸਲਮਾਨਾਂ ਦੀ ਕੁਰਾਨ ਆਦਿ ਵਿੱਚ ਵੀ ਲਿਖਿਆ ਹੈ - ਕਬ੍ਰਾਖਿਲ ਹੋ ਜਾਂਦੇ ਹਨ। ਜਦੋਂ ਕਿਆਮਤ ਦਾ ਸਮਾਂ ਹੁੰਦਾ ਹੈ ਤਾਂ ਉਨ੍ਹਾਂ ਨੂੰ ਜਗਾਉਣ ਅੱਲ੍ਹਾ ਆਉਂਦਾ ਹੈ। ਕਬ੍ਰੀਸਥਾਨ ਨੂੰ ਫਿਰ ਪਰੀਸਥਾਨ ਬਣਾਉਂਦੇ ਹਨ। ਬਾਬਾ ਨੇ ਦੱਸਿਆ ਸੀ ਕਿ ਬਿਰਲਾ ਮੰਦਿਰ ਵਿਚ ਵੀ ਲਿਖਿਆ ਹੋਇਆ ਹੈ ਕਿ ਦਿੱਲੀ ਨੂੰ ਪਰੀਸਥਾਨ ਬਣਾਇਆ ਸੀ। ਤਾਂ ਜਰੂਰ ਕਬ੍ਰੀਸਥਾਨ ਨੂੰ ਪਰੀਸਥਾਨ ਬਣਾਇਆ ਹੋਵੇਗਾ। ਪ੍ਰਲਯ ਤਾਂ ਨਹੀਂ ਹੋਵੇਗੀ, ਪ੍ਰੰਤੂ ਮਰਦੇ ਬਹੁਤ ਹਨ। ਸਤਿਯੁਗ ਵਿੱਚ ਹੁੰਦੇ ਹੀ ਥੋੜੇ ਮਨੁੱਖ ਹਨ। ਇੱਕ ਹੀ ਆਦਿ ਸਨਾਤਨ ਦੇਵੀ - ਦੇਵਤਾ ਧਰਮ ਰਹਿੰਦਾ ਹੈ। ਉੱਥੇ ਅਜਿਹੀ ਹਾਲਾਤ ਨਹੀਂ ਹੋਵੇਗੀ ਜਿਸ ਦਾ ਇਹ ਗੀਤ ਸੁਣਿਆ। ਸਵਰਗ ਵਿਚ ਕੋਈ ਕਿਸੇ ਨੂੰ ਦੁੱਖ ਨਹੀਂ ਦਿੰਦਾ। ਇੱਥੇ ਤਾਂ ਕਿੰਨਾਂ ਦੁੱਖ ਦਿੰਦੇ ਹਨ। ਇੱਕ ਦੂਜੇ ਦਾ ਖੂਨ ਕਰ ਦਿੰਦੇ ਹਨ। ਬਾਬਾ ਦੇ ਕੋਲ ਸਮਾਚਾਰ ਤੇ ਆਉਂਦੇ ਹਨ ਨਾ। ਕਿਸੇ ਦੂਜੇ ਦੀ ਜਨਾਨੀ ਤੇ ਫਿਦਾ ਹੁੰਦੇ ਹਨ ਤਾਂ ਆਪਣੀ ਜਨਾਨੀ ਨੂੰ ਖਤਮ ਕਰ ਦਿੰਦੇ ਹਨ। ਜਹਿਰ ਆਦਿ ਦੇ ਦਿੰਦੇ ਹਨ। ਇਹ ਹੈ ਹੀ ਪਤਿਤ ਦੁਨੀਆ, ਤਾਂ ਤੇ ਗਾਉਂਦੇ ਹਨ- ਹੇ ਪਤਿਤ - ਪਾਵਨ ਆਓ। ਪਰ ਆਪਣੇ ਨੂੰ ਪਤਿਤ ਸਮਝਦੇ ਨਹੀਂ। ਕਿਸੇ ਨੂੰ ਕਹੋ ਤੁਸੀਂ ਪਤਿਤ ਹੋ ਤਾਂ ਵਿਗੜ ਪੈਂਦੇ ਹਨ। ਹੁਣ ਤੁਸੀਂ ਜਾਣਦੇ ਹੋ ਕਿ ਅਸੀਂ ਵੀ ਪਤਿਤ ਸੀ। ਬਾਪ ਪਾਵਨ ਬਣਾ ਰਹੇ ਹਨ। ਹੁਣ ਇਹ ਫਿਰ ਦੁਨੀਆ ਨੂੰ ਦੱਸਣਾ ਹੈ ਕਿ ਪਤਿਤ ਦੁਨੀਆ ਨੂੰ ਪਾਵਨ ਬਨਾਉਣ ਵਾਲਾ ਸ਼ਿਵਬਾਬਾ ਹੈ। ਜਿਸ ਦੀ ਜਯੰਤੀ ਵੀ ਤੁਸੀਂ ਮਨਾਉਂਦੇ ਹੋ, ਉਹ ਆ ਗਿਆ ਹੈ। ਅਸਲ ਵਿੱਚ ਕਾਇਦਾ ਸੀ ਕੋਈ - ਕੋਈ ਇੰਵੇਂਸ਼ਨ ਨਿਕਲਦੀ ਸੀ ਤਾਂ ਰਾਜੇ ਨੂੰ ਦੱਸਦੇ ਸਨ। ਉਹ ਹੱਥ ਵਿੱਚ ਉਠਾਉਂਦੇ ਸਨ। ਹੁਣ ਰਾਜਾ ਤੇ ਹੈ ਨਹੀਂ। ਇਹ ਇਨਵੇਨਸ਼ਨ ਸਭ ਨੂੰ ਦੱਸਣੀ ਹੈ। ਆਪਸ ਵਿੱਚ ਮਿਲ ਕੇ ਰੇਜ਼ੂਲੇਸ਼ਨ ਪਾਸ ਕਰ ਹਜਾਰਾਂ ਦੀ ਸਹੀ ਲੈਕੇ ਗੋਰਮਿੰਟ ਨੂੰ ਸੂਚਨਾ ਦੇਣੀ ਚਾਹੀਦਾ ਹੈ। ਇਨਵੇਂਸ਼ਨ ਦਾ ਫੈਲਾਵ ਕਰਨ ਦੇ ਲਈ ਹਾਈਏਸਟ ਅਥਾਰਟੀ ਨੂੰ ਦੱਸਿਆ ਜਾਂਦਾ ਹੈ। ਫਿਰ ਉਹ ਪ੍ਰਬੰਧ ਕਰਦੀ ਹੈ। ਤਾਂ ਤੁਹਾਨੂੰ ਵੀ ਉਵੇਂ ਕਰਨਾ ਚਾਹੀਦਾ ਹੈ। ਜਿਸ ਦਾ ਜਨਮ ਦਿਨ ਆਵੇ ਉਸ ਦੇ ਲਈ ਸਮਝਾਓ। ਜਿਸ ਦਿਨ ਜਿਸ ਦਾ ਉਤਸਵ ਹੋਵੇ ਉਸ ਦਿਨ ਉਸ ਤੇ ਸਮਝਾਵੋ ਗੇ ਤਾਂ ਸਭ ਸਮਝਣਗੇ। ਗੱਲ ਤਾਂ ਬਰੋਬਰ ਸਹੀ ਲਗਦੀ ਹੈ। ਅੱਜ ਤੋਂ ਪੰਜ ਹਜਾਰ ਵਰ੍ਹੇ ਪਹਿਲਾਂ ਬਾਪ ਆਇਆ ਸੀ। ਭਾਰਤ ਜੋ ਉੱਚ ਤੋਂ ਉੱਚ ਸੀ, ਸੋਨੇ ਦੀ ਚਿੜੀਆ ਸੀ ਉਹ ਬਿਲਕੁਲ ਕੌਡੀ ਵਰਗਾ ਬਣ ਗਿਆ ਹੈ। ਉਨ੍ਹਾਂ ਨੂੰ ਫਿਰ ਪਰਮਪਿਤਾ ਪਰਮਾਤਮਾ ਹੀਰੇ ਵਰਗਾ ਬਣਾਉਂਦੇ ਹਨ। ਬ੍ਰਹਮਾ ਦਵਾਰਾ ਇਹ ਗਿਆਨ ਦੇ ਰਹੇ ਹਨ

ਤੁਸੀਂ ਸਮਝਾ ਸਕਦੇ ਹੋ - ਅਸਲ ਵਿਚ ਹਰ ਇੱਕ ਮਨੁੱਖ ਬ੍ਰਹਮਾਕੁਮਾਰ - ਕੁਮਾਰੀ ਹਨ। ਸਰਨੇਮ ਇਹ ਹੈ। ਬ੍ਰਹਮਾ ਤੋਂ ਹੀ ਰਚਨਾ ਹੁੰਦੀ ਹੈ ਬ੍ਰਾਹਮਣ ਧਰਮ ਦੀ। ਫਿਰ ਦੇਵਤਾ, ਸ਼ਤ੍ਰੀ, ਵੈਸ਼, ਸ਼ੂਦ੍ਰ - ਇਹ ਸਾਰਾ ਸਿਜਰਾ ਬਣ ਜਾਂਦਾ ਹੈ। ਤਾਂ ਤੁਸੀਂ ਇਨ੍ਹਾਂ ਤਿਉਹਾਰਾਂ ਤੇ

ਚੰਗੀ ਤਰ੍ਹਾਂ ਸਮਝਾ ਸਕਦੇ ਹੋ। ਦੀਵਾਲੀ ਆਉਂਦੀ ਹੈ। ਇਹ ਤੁਸੀਂ ਜਾਣਦੇ ਹੋ ਹੁਣ ਘਰ - ਘਰ ਵਿਚ ਘੋਰ ਹਨ੍ਹੇਰਾ ਹੈ। ਗਿਆਨ ਸੂਰਜ ਪ੍ਰਗਟਿਆ, ਅਗਿਆਨ ਹਨੇਰ ਵਿਨਾਸ਼। ਬਰੋਬਰ ਘੋਰ ਹਨੇਰਾ ਹੈ। ਕੋਈ ਵੀ ਆਤਮਾ ਆਪਣੇ ਬਾਪ ਨੂੰ ਨਹੀਂ ਜਾਣਦੀ। ਬਾਪ ਨੂੰ ਜਾਨਣ ਨਾਲ ਹੀ ਸਭ ਦੀ ਜੋਤੀ ਜਗ ਜਾਂਦੀ ਹੈ। ਉਨ੍ਹਾਂ ਨੂੰ ਸ਼ਮਾ ਵੀ ਕਿਹਾ ਜਾਂਦਾ ਹੈ। ਤਾਂ ਅਜਿਹੇ ਮੁੱਖ ਪ੍ਰਵ ਤੇ ਤੁਸੀਂ ਚੰਗੀ ਤਰ੍ਹਾਂ ਸਮਝਾ ਸਕਦੇ ਹੋ। ਤੁਸੀਂ ਗੌਰਮਿੰਟ ਨੂੰ ਵੀ ਸਮਝਾਓ। ਤੁਹਾਨੂੰ ਹੁਣ ਖ਼ਾਸ ਅੱਗੇ ਵਧਣਾ ਹੈ। ਮਾਤਾਵਾਂ ਨੂੰ ਅੱਗੇ ਕਰਨਾ ਹੈ। ਇਸ ਵਿੱਚ ਮਰਦਾਂ ਨੂੰ ਲੱਜਾ ਨਹੀਂ ਆਉਣੀ ਚਾਹੀਦੀ। ਤਾਂ ਬਾਪ ਸਮਝਾਉਂਦੇ ਹਨ ਕਿ ਕਿਵੇਂ ਤੁਹਾਨੂੰ ਜਗਾਉਣਾ ਚਾਹੀਦਾ ਹੈ। ਆਪਸ ਵਿੱਚ ਮਿਲਕੇ ਸਹੀ ( ਹਸਤਾਖਰ) ਲੈਕੇ ਫਿਰ ਸਮਝਾਓ। ਤੁਸੀਂ ਹਰ ਇੱਕ ਅਸਲ ਵਿਚ ਸ਼ਿਵ ਦੇ ਬੱਚੇ ਹੋ। ਇਵੇਂ ਨਹੀਂ ਕਿ ਸਾਰੇ ਸ਼ਿਵ ਹਨ। ਬਾਪ ਤਾਂ ਇੱਕ ਹੈ। ਉਹ ਹੈ ਰਚਿਯਤਾ ਪਤਿਤਾਂ ਨੂੰ ਪਾਵਨ ਬਨਾਉਣ ਵਾਲਾ। ਇੱਕ ਮੇਮੋਰੰਡਮ ਬਨਾਉਣਾ ਚਾਹੀਦਾ ਹੈ। ਮੁੱਖ ਜੋ ਵੱਡੇ ਹਨ ਉਨ੍ਹਾਂ ਨੂੰ ਦੱਸਣਾ ਚਾਹੀਦਾ ਹੈ। ਤੁਸੀਂ ਤਾਂ ਮਨੁੱਖਾਂ ਨੂੰ ਜਗਾਉਂਦੇ ਹੋ, ਮਨੁੱਖ ਸਮਝਦੇ ਹਨ ਗੰਗਾ ਵਿੱਚ ਸਨਾਨ ਕਰਨ ਤੇ ਪਾਵਨ ਬਣਦੇ ਹਨ। ਪ੍ਰੰਤੂ ਗੰਗਾ ਤੇ ਪਤਿਤ - ਪਾਵਨੀ ਨਹੀਂ ਹੈ। ਪਤਿਤ - ਪਾਵਨ ਇੱਕ ਹੀ ਨਿਰਾਕਾਰ ਹੈ। ਗਿਆਨ ਦੀ ਬਾਰਿਸ਼ ਕਰਨ ਵਾਲਾ ਗਿਆਨ ਸਾਗਰ ਉਹ ਹੈ, ਬਾਕੀ ਸਭ ਹੈ ਅੰਧਸ਼ਰਧਾ। ਹੁਣ ਤੁਹਾਨੂੰ ਬੱਚਿਆਂ ਨੂੰ ਅਥਾਰਟੀ ਮਿਲੀ ਹੈ। ਸ਼ਾਸਤਰਾਂ ਵਿਚ ਲਿਖਿਆ ਹੈ ਕੁਮਾਰੀਆਂ ਦਵਾਰਾ ਬਾਣ ਮਰਵਾਏ ਹਨ। ਚੰਗੇ - ਚੰਗੇ ਬੱਚੇ ਕੰਮ ਕਰ ਸਕਦੇ ਹਨ। ਭਾਸ਼ਣ ਆਦਿ ਕਰ ਸਕਦੇ ਹਨ। ਸੈਨਾ ਵਿਚ ਨੰਬਰਵਾਰ ਤੇ ਹੁੰਦੇ ਹਨ ਨਾ। ਗੱਲ ਬਾਤ ਕਰਨ ਵਿਚ ਵੀ ਮੈਨਰਜ ਚਾਹੀਦੇ ਹਨ। ਆਪਣੇ ਤੋਂ ਵੱਡੇ ਨੂੰ ਸਦਾ ' ਆਪ - ਆਪ ' ਕਿਹਾ ਜਾਂਦਾ ਹੈ। ਪ੍ਰੰਤੂ ਅਨਪੜ ਬੱਚੇ, ਆਪ ਦੇ ਬਦਲੇ ' ਤੂ - ਤੂ ' ਕਰ ਗੱਲ ਕਰਦੇ ਹਨ। ਲੜਾਈ ਨਾਲ ਵੀ ਬੁੱਧੀ ਵਿੱਚ ਮੈਨਰਜ ਆਉਂਦੇ ਹਨ। ਟੀਚਰਜ਼ ਫਿਰ ਵੀ ਚੰਗੇ ਹੁੰਦੇ ਹਨ ਜੋ ਪੜਾਕੇ ਮਰਤਬਾ ਪਾਉਣ ਦੇ ਲਾਇਕ ਬਣਾਉਂਦੇ ਹਨ। ਕ੍ਰੈਕਟਰਜ ਵੀ ਰਜਿਸਟਰ ਵਿਚ ਲਿਖਦੇ ਹਨ। ਅੱਜਕਲ ਤਾਂ ਇਤਨੇ ਕ੍ਰੈਕਟਰਜ ਵਾਲੇ ਹਨ ਨਹੀਂ। ਦੁਨੀਆ ਵਿਚ ਗੰਦ ਹੀ ਗੰਦ ਹੈ। ਗੀਤ ਵਿੱਚ ਵੀ ਸੁਣਿਆ ਹੈ ਨਾ ਕੀ ਹਾਲ ਹੈ। ਤੁਸੀਂ ਬੱਚੇ ਜਾਣਦੇ ਹੋ - ਅਹੋ ਭਾਰਤ ਸਾਡਾ ਕੌਣ ਕਹਿਲਾਏ। ਭਾਰਤ ਸਵਰਗ ਸੀ। ਸੰਨਿਆਸੀ ਲੋਕ ਤਾਂ ਕਹਿ ਦਿੰਦੇ ਹਨ ਸਭ ਤੁਹਾਡੀ ਕਲਪਨਾ ਹੈ। ਉਨ੍ਹਾਂ ਨੂੰ ਕੀ ਪਤਾ ਸਵਰਗ ਕੀ ਹੁੰਦਾ ਹੈ? ਹਾਂ, ਕਈ ਨਿਕਲਣਗੇ ਜੋ ਵੇਖਕੇ ਬੜੇ ਖੁਸ਼ ਹੋਣਗੇ। ਇਹ ਚਿੱਤਰ ਬੜੀ ਵਧੀਆ ਚੀਜ ਹੈ। ਪਾਂਡਵਾਂ ਦੇ ਵੱਡੇ - ਵੱਡੇ ਬੁੱਤ ਬਣਾਉਂਦੇ ਹਨ। ਇੰਨੇ ਵੱਡੇ ਕੋਈ ਸੀ ਥੋੜ੍ਹੀ ਹੀ। ਰਾਵਣ ਨੂੰ ਕਿੰਨਾਂ ਵੱਡਾ 100 ਫੁੱਟ ਦਾ ਲੰਬਾ ਬਣਾਉਂਦੇ ਹਨ। ਦਿਨ - ਪ੍ਰਤੀਦਿਨ ਲੰਬਾ ਬਣਾਉਂਦੇ ਜਾਂਦੇ ਹਨ। ਰਾਵਣ ਦੀ ਉਮਰ ਵੱਡੀ ਹੋ ਗਈ। 2500 ਵਰ੍ਹੇ ਆਕੇ ਹੋਏ ਹਨ। ਤਾਂ ਤੁਸੀਂ ਦੁਸਹਿਰੇ ਦੇ ਦਿਨ ਤੇ ਵੀ ਚੰਗੀ ਤਰ੍ਹਾਂ ਸਮਝਾ ਸਕਦੇ ਹੋ। ਇਹ ਰਾਵਣ ਦੀ ਰਾਜਧਾਨੀ ਹੈ, ਇਸ ਨੂੰ ਡੇਵਿਲ ਵਰਲਡ ਕਿਹਾ ਜਾਂਦਾ ਹੈ। ਅਖ਼ਬਾਰ ਵਿਚ ਵੀ ਕਿਸੇ ਨੇ ਪਾਇਆ ਸੀ - ਇਹ ਰਾਖਸ਼ੀ ਦੁਨੀਆ ਹੈ। ਜੇਕਰ ਕੋਈ ਬੋਲੇ ਤੁਸੀਂ ਆਸੁਰੀ ਰਾਜ ਕਿਓਂ ਕਹਿੰਦੇ ਹੋ? ਬੋਲੋ - ਫਲਾਣੇ ਨੇ ਅਖਬਾਰ ਵਿੱਚ ਵੀ ਰਾਵਣ ਰਾਜ ਕਿਹਾ ਸੀ। ਬਾਪ ਵੀ ਜਦੋਂ ਆਏ ਸਨ ਤਾਂ ਕਿਹਾ ਸੀ ਇਹ ਆਸੁਰੀ ਦੁਨੀਆ ਹੈ। ਦੈਵੀ ਰਾਜ ਤਾਂ ਸਤਿਯੁਗ ਵਿੱਚ ਹੁੰਦਾ ਹੈ। ਇਵੇਂ - ਇਵੇਂ ਮਿਲ ਕੇ ਰਾਏ ਨਿਕਾਲਣੀ ਚਾਹੀਦੀ ਹੈ।

ਐਮ ਆਬਜੈਕਟ ਕਲੀਅਰ ਹੈ। ਬਾਹਰ ਬੋਰਡ ਤੇ ਵੀ ਐਮ - ਆਬਜੈਕਟ ਲਿਖੀ ਹੈ। ਕਿਸੇ ਵੀ ਸਕੂਲ ਵਿਚ ਅੰਧਸ਼ਰਧਾ ਦੀ ਗੱਲ ਨਹੀਂ ਹੁੰਦੀ। ਸਤਿਸੰਗ ਜੋ ਵੀ ਹਨ ਉੱਥੇ ਵੇਦ ਆਦਿ ਸਭ ਅੰਧਸ਼ਰਧਾ ਨਾਲ ਸੁਣਦੇ ਹਨ। ਅਰਥ ਕੁਝ ਵੀ ਨਹੀਂ ਨਿਕਲਦਾ। ਹੁਣ ਬਾਪ ਕਹਿੰਦੇ ਹਨ - ਹੇ ਭਾਰਤਵਾਸੀਓ, ਤੁਸੀਂ ਵੱਡੇ - ਵੱਡੇ ਵੇਦ - ਉਪਨਿਸ਼ਦ ਆਦਿ ਕਦੋਂ ਤੋਂ ਪੜਦੇ ਆਏ ਹੋ? ਸਤਿਯੁਗ ਤੋਂ ਤਾਂ ਨਹੀਂ ਕਹਾਂਗੇ। ਉੱਥੇ ਇਹ ਭਗਤੀ ਮਾਰਗ ਦਾ ਅੰਸ਼ ਨਹੀਂ। ਇਸ ਨੂੰ ਭਗਤੀ ਕਲਟ ਕਿਹਾ ਜਾਂਦਾ ਹੈ। ਅਧਾਕਲਪ ਬ੍ਰਹਮਾ ਦਾ ਰਾਤ ਭਗਤੀ ਮਾਰਗ ਸ਼ੁਰੂ ਹੁੰਦਾ ਹੈ। ਭਗਵਾਨ ਜਰੂਰ ਆਉਂਦਾ ਹੈ ਤਾਂ ਤੇ ਸ਼ਿਵ ਜਯੰਤੀ ਮਨਾਈ ਜਾਂਦੀ ਹੈ। ਨਹੀਂ ਤਾਂ ਉਹ ਨਿਰਾਕਾਰ ਕਿਵੇਂ ਆਇਆ? ਜਰੂਰ ਸ਼ਰੀਰ ਦਾ ਆਧਾਰ ਲਿਆ ਹੋਵੇਗਾ। ਤੁਸੀਂ ਜਾਣਦੇ ਹੋ ਬਾਪ ਬ੍ਰਹਮਾ ਦੇ ਤਨ ਦਾ ਹੀ ਆਧਾਰ ਲੈਂਦੇ ਹਨ। ਉਨ੍ਹਾਂ ਨੂੰ ਆਉਣਾ ਹੀ ਭਾਰਤ ਵਿਚ ਹੈ। ਬਾਪ ਦਾ ਜਨਮ ਵੀ ਭਾਰਤ ਵਿਚ ਹੀ ਹੈ। ਬ੍ਰਹਮਾ ਦਾ ਵੀ ਭਾਰਤ ਵਿਚ ਹੀ ਹੈ। ਬਾਬਾ ਨੇ ਵਿਰਾਟ ਰੂਪ ਦੇ ਲਈ ਵੀ ਸਮਝਾਇਆ ਹੈ। ਇਹ ਬ੍ਰਾਹਮਣ ਧਰਮ ਹੈ ਚੋਟੀ। ਹੁਣ ਪ੍ਰੈਕਟੀਕਲ ਵਿੱਚ ਤੁਸੀਂ ਹੋ ਨਾ। ਅਸੀ ਬ੍ਰਾਹਮਣਾਂ ਦੇ ਉਪਰ ਸ਼ਿਵਬਾਬਾ ਨਿਰਾਕਾਰ ਹਨ ਫਿਰ ਬ੍ਰਹਮਾ ਦਾ ਤਨ ਵਿਖਾਉਣਾ ਪਵੇ। ਇਹ ਸਰਸਵਤੀ ਅਤੇ ਇਹ ਬ੍ਰਾਹਮਣ ਕੁਲ ਫਿਰ ਦੇਵਤਾ ਕੁਲ, ਸ਼ਤ੍ਰੀ ਕੁਲ - ਇਤਨੇ - ਇਤਨੇ ਜਨਮ ਲੈਂਦੇ ਹਨ। ਬਿਲਕੁਲ ਕਲੀਅਰ ਐਕੁਰੇਟ ਬਣ ਸਕਦਾ ਹੈ। ਬ੍ਰਹਮਾ ਦੀ ਰਾਤ, ਸਰਸਵਤੀ ਦੀ ਰਾਤ, ਬ੍ਰਹਮਾਵੰਸ਼ੀਆਂ ਦੀ ਵੀ ਰਾਤ। ਦਿਨ ਵਿਚ ਫਿਰ ਸਭ ਬ੍ਰਾਹਮਣ ਸੋ ਦੇਵਤਾ ਬਣਦੇ ਹਨ। ਪੁਆਇੰਟਸ ਤਾਂ ਬੱਚਿਆਂ ਨੂੰ ਬਹੁਤ ਦਿੱਤੇ ਜਾਂਦੇ ਹਨ, ਧਾਰਨ ਕਰਨੇ ਹਨ। ਇਵੇਂ ਨਹੀਂ, ਇੱਕ ਕੰਨ ਤੋਂ ਸੁਣਿਆ ਅਤੇ ਬਾਹਰ ਕੱਢਿਆ, ਖਲਾਸ। ਜਿਵੇਂ ਹੋਰ ਸਤਿਸੰਗਾਂ ਵਿੱਚ ਕਹਾਣੀਆਂ ਆਦਿ ਸੁਣਕੇ ਚਲੇ ਜਾਂਦੇ ਹਨ। ਇੱਥੇ ਤਾਂ ਤੁਹਾਨੂੰ ਪ੍ਰਤੱਖ ਫਲ ਮਿਲਦਾ ਹੈ। ਜਾਣਦੇ ਹੋ ਇਸ ਪੜਾਈ ਵਿਚ ਸਾਨੂੰ ਮਨੁੱਖ ਤੋਂ ਦੇਵਤਾ ਬਣਨਾ ਹੈ। ਉੱਥੇ ਕੁਝ ਐਮ ਆਬਜੈਕਟ ਨਹੀਂ।

ਬਾਪ ਸਮਝਾਉਂਦੇ ਤਾਂ ਬਹੁਤ ਹਨ ਪ੍ਰੰਤੂ ਕੋਈ ਵਿਰਲੇ ਨਿਕਲਦੇ ਹਨ। ਕੋਈ - ਕੋਈ ਤਾਂ ਟਰੇਟਰ ਵੀ ਨਿਕਲ ਪੈਂਦੇ ਹਨ। ਸਮਝਾਉਣਾ ਚਾਹੀਦਾ ਹੈ - ਇਹ ਯੁੱਧ ਦਾ ਮੈਦਾਨ ਹੈ। ਮਾਇਆ ਬੜੀ ਪ੍ਰਬਲ ਹੈ। ਕਈ ਫੇਲ੍ਹ ਹੋ ਜਾਂਦੇ ਹਨ। ਇਹ ਵੀ ਡਰਾਮੇ ਦਾ ਖੇਲ੍ਹ ਹੈ। ਸਭ ਥੋੜੀ ਨਾ ਵਿਨ ਕਰ ਸਕਦੇ ਹਨ। ਬੱਚੇ ਜਾਣਦੇ ਹਨ ਅਸੀਂ ਮਾਇਆ ਰਾਵਣ ਤੋਂ ਹਾਰੇ ਹੋਏ ਹਾਂ। ਹਾਰ ਅਤੇ ਜਿੱਤ ਦਾ ਇਹ ਖੇਲ੍ਹ ਹੈ। ਮਾਇਆ ਤੋਂ ਹਾਰੇ ਹਾਰ ਹੈ। ਤੁਸੀਂ ਜਾਣਦੇ ਹੋ ਅਸੀਂ ਬਾਬਾ ਤੋਂ ਵਿਸ਼ਵ ਦਾ ਮਾਲਿਕ ਬਣਦੇ ਹਾਂ। ਇਹ ਨਸ਼ਾ ਸਥਾਈ ਰਹਿਣਾ ਚਾਹੀਦਾ ਹੈ। ਨਸ਼ਾ ਟੁੱਟਦਾ ਕਿਓਂ ਹੈ? ਵਿਸ਼ਵ ਦੇ ਰਚਤਾ ਬਾਪ ਤੋਂ ਪੜ ਰਹੇ ਹਾਂ! ਨਰ ਤੋਂ ਨਾਰਾਇਣ, ਨਾਰੀ ਤੋਂ ਲਕਸ਼ਮੀ ਬਣ ਰਹੇ ਹਨ! ਇਵੇਂ ਥੋੜ੍ਹੀ ਨਾ ਹੁੰਦਾ ਹੈ ਕਿ ਸਟੂਡੈਂਟ ਪੜਾਈ ਅਤੇ ਪੜਾਉਣ ਵਾਲੇ ਨੂੰ ਭੁੱਲ ਜਾਂਦੇ ਹਨ। ਫਿਰ ਇੱਥੇ ਕਿਓਂ ਭੁੱਲਦੇ ਹੋ? ਘਰ ਵਿਚ ਜਾਣ ਨਾਲ ਇੱਕਦਮ

ਭੁੱਲ ਜਾਂਦੇ ਹਨ। ਇੱਥੇ ਬਹੁਤ ਨਿਸ਼ਚੇਬੁੱਧੀ ਹੋ ਜਾਂਦੇ ਹਨ। ਕਿੰਨੇ ਅੱਥਰੂ ਵਗਾਉਂਦੇ ਹਨ, ਇਥੋਂ ਤੋਂ ਘਰ ਗਏ ਫਿਰ ਚਿੱਠੀ ਵੀ ਨਹੀਂ ਲਿਖਦੇ। ਅਨੰਨਿਆ ਬੱਚੇ ਜੋ ਪੰਡਾ ਬਣਕੇ ਆਉਂਦੇ ਹਨ ਉਹ ਵੀ ਭੁੱਲ ਜਾਂਦੇ ਹਨ। ਘੱਟ ਤੋਂ ਘੱਟ ਸਰਵਿਸ ਸਮਾਚਾਰ ਤੇ ਲਿਖਣ - ਬਾਬਾ, ਅਸੀਂ ਤੁਹਾਡੀ ਸਰਵਿਸ ਤੇ ਤਿਆਰ ਹਾਂ। ਨਹੀਂ ਤਾਂ ਬਾਬਾ ਸਮਝ ਲੈਂਦੇ ਹਨ ਮਾਇਆ ਨੇ ਕਬ੍ਰਦਾਖਿਲ ਕਰ ਦਿੱਤਾ ਹੈ। ਬੁੱਧੀ ਵੀ ਕਹਿੰਦੀ ਹੈ ਅਜਿਹਾ ਬਾਬਾ ਜੋ ਵਿਸ਼ਵ ਦਾ ਮਾਲਿਕ ਬਨਾਉਣ ਵਾਲਾ ਹੈ ਉਨ੍ਹਾਂ ਨੂੰ ਤਾਂ ਨਿਰੰਤਰ ਯਾਦ ਕਰਨਾ ਚਾਹੀਦਾ ਹੈ। ਪਰ ਬੱਚੇ ਮਹੀਨਾ - ਮਹੀਨਾ ਵੀ ਯਾਦ ਨਹੀਂ ਕਰਦੇ, ਚਿੱਠੀ ਨਹੀਂ ਲਿਖਦੇ। ਮਾਇਆ ਕਿਸੇ - ਕਿਸੇ ਨੂੰ ਤਾਂ ਬਿਲਕੁਲ ਹੀ ਮੁਰਦਾ ਬਣਾ ਦਿੰਦੀ ਹੈ। ਜਿਉਂਦੇ ਜੀ ਵੀ ਚਿੱਠੀ ਨਹੀਂ ਲਿਖਦੇ, ਮਰਨ ਦੇ ਬਾਅਦ ਤੇ ਗੱਲ ਹੀ ਨਹੀਂ। ਬਾਬਾ ਵੀ ਚਿੱਠੀ ਤਾਂ ਲਿਖਣਗੇ ਜਦੋਂ ਉਹ ਖੁਦ ਲਿਖਣਗੇ। ਜੋ ਬਾਬਾ ਨੂੰ ਯਾਦ ਕਰਨਗੇ ਉਹ ਹੀ ਕਰਮਾਤੀਤ ਐਵਰਹੇਲਦੀ ਬਣਨਗੇ ਬਣਦਾ ਵਰਸਾ ਤਾਂ ਜਰੂਰ ਯਾਦ ਆਉਣਾ ਚਾਹੀਦਾ ਹੈ। ਸਥਾਈ ਨਸ਼ਾ ਵੀ ਚੜਨਾ ਚਾਹੀਦਾ ਹੈ। ਇਸ ਵੇਲੇ ਤੁਸੀਂ ਬੱਚਿਆਂ ਦਾ ਯਾਦ ਨਾਲ ਮੂੰਹ ਮਿੱਠਾ ਹੁੰਦਾ ਹੈ। ਜਾਣਦੇ ਹੋ ਸ੍ਰਿਸ਼ਟੀ ਦਾ ਰਾਜ ਰੂਪੀ ਮੱਖਣ ਸਾਨੂੰ ਮਿਲਦਾ ਹੈ। ਸ਼੍ਰੀਕ੍ਰਿਸ਼ਨ ਨੂੰ ਮੂਹ ਵਿਚ ਮੱਖਣ ਵਿਖਾਉਂਦੇ ਹਨ ਮਤਲਬ ਵਿਸ਼ਵ ਦਾ ਰਾਜ ਹੈ। ਮਾਲਿਕਪਣੇ ਵਿੱਚ ਵੀ ਸਟੇਟਸ ਹੈ ਨਾ। ਜੋ ਜਿੰਨਾਂ ਕਰੇਗਾ, ਉਹ ਪਾਏਗਾ। ਤੁਸੀਂ ਜਾਣਦੇ ਹੋ ਬਾਬਾ ਸਾਨੂੰ ਪੜਾਉਂਦੇ ਹਨ। ਪਰਮਪਿਤਾ ਕਿਹਾ ਜਾਂਦਾ ਹੈ ਨਾ। ਤਾਂ ਪਿਤਾ ਤੋਂ ਜਰੂਰ ਵਰਸਾ ਮਿਲਦਾ ਹੈ। ਮਾਤਾ - ਪਿਤਾ ਚਾਹੀਦੇ ਤਾਂ ਬੱਚੇ ਪੈਦਾ ਹੋਣ, ਤਾਂ ਵਰਸਾ ਮਿਲੇ। ਕਹਿੰਦੇ ਵੀ ਹਨ ਤੁਸੀਂ ਮਾਤ - ਪਿਤਾ ਅਸੀਂ ਬਾਲਕ ਤੇਰੇ। ਤੁਹਾਡੇ ਸਹਿਜ ਰਾਜਯੋਗ ਸਿਖਾਉਣ ਨਾਲ ਅਸੀਂ ਸਵਰਗ ਦੇ ਮਾਲਿਕ ਬਣਦੇ ਹਾਂ। ਸਮਝਾਉਣਾ ਚਾਹੀਦਾ ਹੈ ਤਿੰਨ ਸੈਨਾਵਾਂ ਤਾਂ ਬਰੋਬਰ ਖੜੀਆਂ ਹਨ। ਵਿਨਾਸ਼ ਕਾਲੇ ਵਪ੍ਰੀਤ ਬੁੱਧੀ - ਤਾਂ ਖਲਾਸ ਹੋਏ ਨਾ। ਬਾਕੀ ਜਿਨ੍ਹਾਂ ਦੀ ਪ੍ਰੀਤ ਸੀ ਭਗਵਾਨ ਦੇ ਨਾਲ ਉਹ ਸਵਰਗ ਦੇ ਮਾਲਿਕ ਬਣ ਗਏ। ਸਾਡਾ ਫ਼ਰਜ਼ ਹੈ ਗੌਰਮਿੰਟ ਨੂੰ ਇਤਲਾਹ ਕਰਨਾ। ਜੋ ਵੀ ਵੱਡੇ - ਵੱਡੇ ਆਫਿਸਰਜ ਤੁਹਾਨੂੰ ਮਿਲਦੇ ਹਨ ਉਨ੍ਹਾਂ ਤੋਂ ਵੀ ਸਹੀ ਲੈ ਸਕਦੇ ਹੋ ਤਾਂ ਖੁਸ਼ ਹੋ ਜਾਣਗੇ। ਇਹ ਤਾਂ ਬਹੁਤ ਵਧੀਆ ਕੰਮ ਕਰਦੇ ਹਨ। ਮਿਹਨਤ ਕਰੋ। ਇਸ ਵਿੱਚ ਫੁਰਸਤ ਵੀ ਚਾਹੀਦੀ ਹੇ, ਜੋ ਫਿਰ ਸੰਭਾਲ ਸਕੋ। ਸਰਵਿਸ ਵਧਾਉਣ ਦੇ ਲਈ ਤਾਂ ਬਹੁਤ ਯੁਕਤੀਆਂ ਹਨ। ਪਰ ਬੱਚਿਆਂ ਵਿਚ ਕਈ ਵਾਰ ਹੰਕਾਰ ਆ ਜਾਂਦਾ ਹੈ ਜਾਂ ਫੇਮਲੀਆਰਟੀ ਵਿੱਚ ਆਉਣ ਨਾਲ ਬਹੁਤ ਨੁਕਸਾਨ ਕਰ ਦਿੰਦੇ ਹਨ। ਗਿਆਨ ਦੇ ਨਸ਼ੇ ਵਿਚ ਚੇਹਰਾ ਸਦਾ ਹਰਸ਼ਿਤ ਮੁੱਖ ਰਹਿਣਾ ਚਾਹੀਦਾ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਐਮ ਆਬਜੈਕਟ ਨੂੰ ਸਾਮ੍ਹਣੇ ਰੱਖ ਪੁਰਸ਼ਾਰਥ ਕਰਨਾ ਹੈ। ਦੈਵੀ ਮੈਂਨਰਜ ਧਾਰਨ ਕਰਨੇ ਹਨ। ਇੱਕ ਕੰਨ ਤੋਂ ਸੁਣ ਦੂਜੇ ਤੋਂ ਨਿਕਾਲਣਾ ਨਹੀਂ ਹੈ।

2. ਵਿਸ਼ਵ ਰਚਿਯਤਾ ਬਾਪ ਸਾਨੂੰ ਪੜਾ ਰਹੇ ਹਨ, ਉਨ੍ਹਾਂ ਦੇ ਅਸੀਂ ਸਟੂਡੈਂਟ ਹਾਂ - ਇਸ ਨਸ਼ੇ ਵਿਚ ਰਹਿਣਾ ਹੈ। ਸਰਵਿਸ ਦੀਆਂ ਵੱਖ - ਵੱਖ ਯੁਕਤੀਆਂ ਕੱਢ ਉਸ ਵਿੱਚ ਬਿਜੀ ਰਹਿਣਾ ਹੈ।

ਵਰਦਾਨ:- ਬਾਪ ਦੇ ਦਿੱਤੇ ਹੋਏ ਖਜਾਨੇ ਨੂੰ ਮੰਨਨ ਕਰ ਆਪਣਾ ਬਨਾਉਣ ਵਾਲੇ ਸਦਾ ਹਰਸ਼ਿਤ, ਸਦਾ ਨਿਸ਼ਚਿੰਤ ਭਵ।

ਤੁਸੀਂ ਬੱਚਿਆਂ ਨੂੰ ਮੰਨਨ ਕਰਨ ਦਾ ਚਿੱਤਰ ਭਗਤੀ ਮਾਰਗ ਵਿੱਚ ਵਿਸ਼ਨੂੰ ਦਾ ਵਿਖਾਇਆ ਹੈ। ਸੱਪ ਨੂੰ ਸ਼ਈਆ ਬਣਾ ਦਿੱਤਾ ਮਤਲਬ ਵਿਕਾਰ ਅਧੀਨ ਹੋ ਗਏ। ਮਾਇਆ ਤੋਂ ਹਾਰ ਖਾਣ ਦੀ, ਯੁੱਧ ਕਰਨ ਦੀ ਕੋਈ ਚਿੰਤਾ ਨਹੀਂ, ਸਦਾ ਮਾਇਆ ਜਿੱਤ ਮਤਲਬ। ਨਿਸ਼ਚਿੰਤ। ਰੋਜ਼ ਗਿਆਨ ਦੀਆਂ ਨਵੀਆਂ - ਨਵੀਆਂ ਪੁਆਇੰਟਸ ਸਮ੍ਰਿਤੀ ਵਿੱਚ ਰੱਖ ਮੰਨਨ ਕਰੋ ਤਾਂ ਬਹੁਤ ਮਜ਼ਾ ਆਏਗਾ, ਸਦਾ ਹਰਸ਼ਿਤ ਰਹੋਗੇ ਕਿਉਂਕਿ ਬਾਪ ਦਾ ਦਿੱਤਾ ਹੋਇਆ ਖ਼ਜਾਨਾ ਮੰਨਨ ਕਰਨ ਨਾਲ ਆਪਣਾ ਅਨੁਭਵ ਹੁੰਦਾ ਹੈ।

ਸਲੋਗਨ:- ਖੁਦ ਪਰਿਵਰਤਕ ਉਹ ਹਨ ਜਿਸ ਦੇ ਅੰਦਰ ਸਦਾ ਇਹ ਸ਼ੁਭ ਭਾਵਨਾ ਇਮਰਜ ਰਹੇ ਕਿ ਬਦਲਾ ਨਹੀਂ ਲੈਣਾ ਹੈ ਬਦਲ ਕੇ ਵਿਖਾਉਣਾ ਹੈ।

******